# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:) ਮਾਨਸਾ

ਜ਼ਿਲ੍ਹੇ ਦੇ ਸਮੁੱਚੇ ਮਿਡਲ/ਹਾਈ ਸੀਨੀਅਰ ਸੈਕੰਡਰੀ ਸਕੂਲਾਂ ਦਾ ਪ੍ਰਬੰਧ ਅਤੇ ਨਿਰੀਖਣ/ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:) ਤੈਨਾਤ ਹਨ, ਜਿਨ੍ਹਾਂ ਦਾ ਦਫ਼ਤਰ ਪ੍ਰਬੰਧਕੀ ਕੰਪਲੈਕਸ ਦੇ ਕਮਰਾ ਨੰ: 49, 52 ਅਤੇ 53 ਵਿੱਚ ਸਥਿਤ ਹੈ। ਉਸਦੀ ਸਹਾਇਤਾ ਲਈ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਅਤੇ ਦਫ਼ਤਰੀ ਅਮਲਾ ਕੰਮ ਕਰ ਰਿਹਾ ਹੈ। ਇਸ ਦਫ਼ਤਰ ਦਾ ਉਦੇਸ਼ ਵਿਦਿਆਰਥੀਆਂ ਨੂੰ ਚੰਗੀ ਵਿੱਦਿਆ ਦੇ ਕੇ ਜ਼ਿੰਮੇਵਾਰ ਸ਼ਹਿਰੀ ਬਣਾਉਣਾ ਹੈ।

**ਢਾਂਚਾ:** ਜ਼ਿਲ੍ਹੇ ਵਿੱਚ 82 ਮਿਡਲ ਸਕੂਲ ਹਨ ਜਿਨ੍ਹਾਂ ਵਿੱਚ ਸਕੂਲ ਦਾ ਪ੍ਰਬੰਧ ਸੀਨੀਅਰ ਅਧਿਆਪਕ ਕੋਲ ਹੈ। ਇਸੇ ਤਰ੍ਹਾਂ ਜ਼ਿਲ੍ਹੇ ਵਿੱਚ 51 ਹਾਈ ਸਕੂਲ ਹਨ, ਜਿਨ੍ਹਾਂ ਦਾ ਪ੍ਰਬੰਧ ਮੁੱਖ ਅਧਿਆਪਕ ਕਰਦਾ ਹੈ। ਇਸੇ ਤਰ੍ਹਾਂ ਜ਼ਿਲ੍ਹੇ ਵਿੱਚ 42 ਸੀਨੀਅਰ ਸੈਕੰਡਰੀ ਸਕੂਲ ਹਨ, ਜਿਨ੍ਹਾਂ ਦਾ ਪ੍ਰਬੰਧ ਸਕੂਲ ਪ੍ਰਿੰਸੀਪਲ ਕੋਲ ਹੁੰਦਾ ਹੈ। ਜ਼ਿਲ੍ਹੇ ਦੇ ਚੋਣਵੇਂ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਆਰਟਸ ਗਰੁੱਪ ਤੋਂ ਇਲਾਵਾ ਸਾਇੰਸ ਗਰੁੱਪ, ਕਮਰਸ ਗਰੁੱਪ ਅਤੇ ਵੋਕੇਸ਼ਨਲ ਗਰੁੱਪਾਂ ਦੀ ਪੜ੍ਹਾਈ ਦਾ ਪ੍ਰਬੰਧ ਹੈ। ਇਸ ਤੋਂ ਇਲਾਵਾ ਜ਼ਿਲ੍ਹੇ ਦੇ 03 ਸਰਕਾਰੀ ਸਹਾਇਤਾ ਪ੍ਰਾਪਤ ਸੀਨੀਅਰ ਸੈਕੰਡਰੀ/ਹਾਈ/ਮਿਡਲ ਸਕੂਲ ਹਨ। 48 ਦੇ ਲਗਭਗ ਅਨ-ਏਡਿਡ ਮਾਨਤਾ ਪ੍ਰਾਪਤ ਸਕੂਲ ਹਨ। ਜ਼ਿਲ੍ਹਾ ਸਿੱਖਿਆ ਦਫ਼ਤਰ ਵਿਖੇ ਸਿੱਖਿਆ ਅਫ਼ਸਰ ਅਧੀਨ ਹੇਠ ਲਿਖੇ ਅਧਿਕਾਰੀ ਆਪਣੇ-ਆਪਣੇ ਖੇਤਰਾਂ ਵਿੱਚ ਕੰਮ ਕਰਦੇ ਹਨ।

***ਜ਼ਿਲ੍ਹਾ ਕੁਆਰਡੀਨੇਟਰ (ਵੋਕੇਸ਼ਨਲ):*** ਜ਼ਿਲ੍ਹੇ ਦੇ 6 ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਵੋਕੇਸ਼ਨਲ ਸਿੱਖਿਆ ਦਾ ਪ੍ਰਬੰਧ ਹੈ। ਇਹ ਸਿੱਖਿਆ ਪ੍ਰਾਪਤ ਕਰਕੇ ਵਿਦਿਆਰਥੀਆਂ ਸਵੈ-ਰੋਜ਼ਗਾਰ ਧੰਦਾ ਕਰ ਸਕਦੇ ਹਨ ਅਤੇ ਮਾਰਕੀਟ ਲਈ ਸਕਿੱਲਡ ਲੇਬਰ ਉਪਲਬਧ ਹੁੰਦੀ ਹੈ।

***ਜ਼ਿਲ੍ਹਾ ਗਾਈਡੈਂਸ ਕੌਂਸਲਰ:*** ਇਸ ਅਫ਼ਸਰ ਦੀ ਦਸਵੀਂ ਅਤੇ +2 ਪਾਸ ਕਰਨ ਉਪਰੰਤ ਵਿਦਿਆਰਥੀਆਂ ਨੂੰ ਸਵੈ-ਰੋਜ਼ਗਾਰ ਦੇ ਵੱਖ-ਵੱਖ ਧੰਦਿਆਂ ਬਾਰੇ ਵੱਖ-ਵੱਖ ਵਿੱਦਿਅਕ ਅਤੇ ਕਿੱਤਾ ਕੋਰਸਾਂ ਬਾਰੇ, ਵੱਖ-ਵੱਖ ਸਿੱਧੀਆਂ ਨੌਕਰੀਆਂ ਅਤੇ ਮੁਕਾਬਲੇ ਦੇ ਇਮਤਿਹਾਨਾਂ ਬਾਰੇ ਜਾਣਕਾਰੀ ਦੇਣ ਦੀ ਜ਼ਿੰਮੇਵਾਰੀ ਹੁੰਦੀ ਹੈ।

***ਸਹਾਇਕ ਜ਼ਿਲ੍ਹਾ ਸਿੱਖਿਆ ਅਫ਼ਸਰ (ਖੇਡਾਂ):*** ਸਰੀਰਕ ਸਿੱਖਿਆ ਅਧਿਆਪਕਾਂ ਦੀ ਸਹਾਇਤਾ ਨਾਲ ਸਮੁੱਚੇ ਸਕੂਲਾਂ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਵੱਖ-ਵੱਖ ਪੱਧਰ ਤੇ ਖੇਡ ਮੁਕਾਬਲੇ ਕਰਵਾਉਣ ਦਾ ਪ੍ਰਬੰਧ ਇਹੀ ਅਫ਼ਸਰ ਕਰਦਾ ਹੈ।

***ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ:*** -ਇਸ ਅਫਸਰ ਦੀ ਜ਼ਿੰਮੇਵਾਰੀ ਸਕੂਲ ਵਿੱਚ ਸਾਇੰਸ ਸਿੱਖਿਆ ਨੂੰ ਉਤਸ਼ਾਹਿਤ ਕਰਨ ਅਤੇ ਸਾਇੰਸ ਨਾਲ ਸਬੰਧਿਤ ਵੱਖ-ਵੱਖ ਮੁਕਾਬਲੇ ਕਰਵਾਉਣਾ ਹੁੰਦਾ ਹੈ।

***ਭਲਾਈ ਸਕੀਮਾਂ:*** -ਸਰਕਾਰ ਵਲੋਂ ਪ੍ਰਾਪਤ ਗਰਾਂਟ ਅਧੀਨ ਅਨੁਸੂਚਿਤ ਜਾਤੀ/ਪਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਵਜੀਫੇ ਦਿੱਤੇ ਜਾਂਦੇ ਹਨ। ਜਿਨ੍ਹਾਂ ਵਿਦਿਆਰਥੀਆਂ ਦੇ ਮਾਪੇ ਮਲੀਨ ਧੰਦਾ ਕਰਦੇ ਹਨ, ਉਨ੍ਹਾ ਨੂੰ ਵਜੀਫੇ ਦਿੱਤੇ ਜਾਂਦੇ ਹਨ। ਗਰੀਬ ਤੇ ਹੁਸ਼ਿਆਰ ਵਿਦਿਆਰਥੀਆਂ ਅਤੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਮੈਰਿਟ ਸਕਾਲਰਸ਼ਿੱਪ ਅਤੇ ਖੇਡਾਂ ਦੇ ਸਕਾਲਰਸ਼ਿੱਪ ਦਿੱਤੇ ਜਾਂਦੇ ਹਨ। ਇਹ ਸਕੀਮਾਂ ਪੰਜਾਬ ਸਰਕਾਰ ਦੇ ਭਲਾਈ ਵਿਭਾਗ ਦੀਆਂ ਹਨ, ਜਿਨ੍ਹਾਂ ਨੂੰ ਇੰਨ-ਬਿੰਨ ਲਾਗੂ ਕਰਨ ਲਈ ਇਹ ਦਫ਼ਤਰ ਯਤਨਸ਼ੀਲ ਰਹਿੰਦਾ ਹੈ।

***ਸਕੂਲ ਦਾ ਮੁਢਲਾ ਢਾਂਚਾ:*** -ਸਮੇਂ-ਸਮੇਂ ਤੇ ਸਰਕਾਰ ਵਲੋਂ ਪ੍ਰਾਪਤ ਹੋਈਆਂ ਗਰਾਂਟਾਂ ਅਧੀਨ ਸਕੂਲ ਇਮਾਰਤਾਂ ਦੀ ਮੁਰੰਮਤ, ਨਵੀਂਆਂ ਇਮਾਰਤਾਂ ਬਨਾਉਣੀਆਂ, ਪੀਣ ਦੇ ਪਾਣੀ, ਟਾਇਲਟ, ਫਰਨੀਚਰ ਆਦਿ ਦਾ ਪ੍ਰਬੰਧ ਕੀਤਾ ਜਾਂਦਾ ਹੈ ਅਤੇ ਸਾਇੰਸ ਅਤੇ ਖੇਡਾਂ ਦਾ ਸਮਾਨ ਮੁਹੱਈਆ ਕੀਤਾ ਜਾਂਦਾ ਹੈ।